"Be Responsible-Be Voter" ''ਜਿੰਮੇਵਾਰ ਬਣੋ-ਵੋਟਰ ਬਣੋ''


**ਦਫ਼ਤਰ ਜ਼ਿਲ੍ਹਾ ਚੋਣ ਅਫ਼ਸਰ, ਹੁਸ਼ਿਆਰਪੁਰ**

**OFFICE OF THE**

**DISTRICT ELECTION OFFICER, HOSHIARPUR**

(Room No. 219, 2nd Floor, Mini Secretariat, Hoshiarpur)

Phone: 01882-225013, Fax: 01882-225013, E-Mail: ethsr@punjab.gov.in

/DEOHSP YouTube/District Election Officer Hoshiarpur


ਸੇਵਾ ਵਿਖੇ,

1) ਸ਼੍ਰੀਮਤੀ ਰਚਨਾ ਕੌਰ, ਪ੍ਰਿੰਸੀਪਲ, ਪੰਡਿਤ ਜੇ.ਆਰ.ਗੋ:ਪੌਲੀਟੈਕਨਿਕ ਕਾਲਜ, ਹੁਸ਼ਿਆਰਪੁਰ। ( ਨੋਡਲ ਅਫ਼ਸਰ ਫਾਰ ਸਵੀਪ)
2) ਪ੍ਰਿੰਸੀਪਲ, ਸਰਕਾਰੀ ਕਾਲਜ, ਹੁਸ਼ਿਆਰਪੁਰ।(ਨੋਡਲ ਅਫ਼ਸਰ, ਈ.ਐਲ.ਸੀ., ਕਾਲਜ)
3) ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ:), ਹੁਸ਼ਿਆਰਪੁਰ। (ਨੋਡਲ ਅਫ਼ਸਰ, ਈ.ਐਲ.ਸੀ., ਸਕੂਲ)
4) ਸ਼੍ਰੀ ਰਜੇਸ਼ ਕੁਮਾਰ, ਅਸਿਸਟੈਂਟ ਪ੍ਰੋਫੈਸਰ, ਸਰਕਾਰੀ ਕਾਲਜ, ਹੁਸ਼ਿਆਰਪੁਰ। (ਸਹਾਇਕ ਨੋਡਲ ਅਫ਼ਸਰ, ਈ.ਐਲ.ਸੀ., ਕਾਲਜ)
5) ਸ਼੍ਰੀ ਸ਼ੈਲੇਂਦਰ ਠਾਕੁਰ, ਪ੍ਰਿੰਸੀਪਲ, ਸ:ਸ:ਸ:ਸ: ਨਾਰੂ ਨੰਗਲ (ਸਹਾਇਕ ਨੋਡਲ ਅਫ਼ਸਰ, ਈ.ਐਲ.ਸੀ., ਸਕੂਲ)
6) ਜ਼ਿਲ੍ਹੇ ਦੇ ਸਮੂਹ ਕਾਲਜ਼ਾਂ ਦੇ ਪ੍ਰਿੰਸੀਪਲ/ਡਾਇਰੈਕਟਰ।

ਨੰ: ਚੋਣ-2021/356 ਮਿਤੀ: 12-04-2021

**ਵਿਸ਼ਾ:- ਡਾ: ਬੀ.ਆਰ. ਅੰਬੇਡਕਰ ਜੀ ਦੀ ਜਯੰਤੀ ਦੇ ਮੌਕੇ ਤੇ ਆਨਲਾਈਨ ਕੁਇਜ਼ ਮੁਕਾਬਲਾ ਮਿਤੀ 14 ਅਪ੍ਰੈਲ 2021 ਨੂੰ ਸ਼ਾਮ 04.00 ਵਜੇ.**

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮੁੱਖ ਚੋਣ ਅਫ਼ਸਰ, ਪੰਜਾਬ ਜੀ ਵਲੋਂ ਸੂਚਿਤ ਕੀਤਾ ਗਿਆ ਹੈ ਕਿ ਡਾ: ਬੀ.ਆਰ. ਅੰਬੇਡਕਰ ਜੀ ਦੀ ਜਯੰਤੀ ਦੇ ਮੌਕੇ ਤੇ ਸੰਵਿਧਾਨ ਅਧਾਰਿਤ ਲੋਕਤੰਤਰ ਮੁਹਿੰਮ ਸਬੰਧੀ 14 ਅਪ੍ਰੈਲ 2021 ਨੂੰ ਸ਼ਾਮ 04.00 ਵਜੇ ਕੁਇਜ਼ ਮੁਕਾਬਲਾ ਕਰਵਾਇਆ ਜਾ ਰਿਹਾ ਹੈ। ਇਸ ਕੁਇਜ਼ ਵਿੱਚ ਪੰਜਾਬ ਦੇ ਸਾਰੇ ਨਾਗਰਿਕ ਹਿੱਸਾ ਲੈ ਸਕਦੇ ਹਨ। ਇਸ ਕੁਇਜ਼ ਵਿੱਚ ਮੁੱਖ ਚੋਣ ਅਫ਼ਸਰ, ਪੰਜਾਬ ਜੀ ਦੇ ਫੇਸਬੁੱਕ ਪੇਜ਼ ਤੇ ਸਾਂਝੇ ਕੀਤੇ 9 ਲੇਖਾਂ ਵਿੱਚੋਂ ਅਤੇ ਡਾ: ਬੀ.ਆਰ.ਅੰਬੇਡਕਰ ਜੀ ਦੇ ਨਾਲ ਸਬੰਧਤ ਪ੍ਰਸ਼ਨ ਪੁੱਛੇ ਜਾਣਗੇ। ਇਸ ਕੁਇਜ਼ ਵਿੱਚ ਕੁੱਲ 50 ਪ੍ਰਸ਼ਨ ਹੋਣਗੇ ਅਤੇ ਇਸ ਦਾ ਸਮਾਂ 30 ਮਿੰਟ ਹੋਵੇਗਾ।

ਉਪਰੋਕਤ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ **ਇਸ ਕੁਇਜ਼ ਮੁਕਾਬਲੇ ਦਾ ਪ੍ਰਚਾਰ ਵਟਸਐਪ ਗਰੁੱਪਾਂ ਰਾਹੀਂ ਆਪਣੇ ਦਫ਼ਤਰ ਦੇ ਸਟਾਫ ਅਤੇ ਸਾਰੇ ਵਿਦਿਆਰਥੀਆਂ ਵਿੱਚ** ਕੀਤਾ ਜਾਵੇ ਅਤੇ ਆਪ ਵਲੋਂ ਇਸ ਕੁਇਜ਼ ਦਾ ਲਿੰਕ ਸਮੇਂ ਸਿਰ ਸਬੰਧਤਾਂ ਨੂੰ ਵਟਸਐਪ ਗਰੁੱਪ, ਈ.ਮੇਲ ਅਤੇ ਆਪਣੇ ਵਿਭਾਗ ਦੇ ਫੇਸਬੁੱਕ ਪੇਜ਼ ਰਾਹੀਂ ਸਮੇਂ ਸਿਰ ਸਾਂਝਾ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ। **ਆਪ ਦੇ ਦਫ਼ਤਰ ਦੇ ਕਿੰਨੇ ਅਧਿਕਾਰੀਆਂ/ਕਰਮਚਾਰੀਆਂ ਅਤੇ ਵਿਦਿਆਰਥੀਆਂ ਵਲੋਂ ਇਸ ਮੁਕਾਬਲੇ ਵਿੱਚ ਭਾਗ ਲਿਆ ਗਿਆ ਹੈ, ਬਾਰੇ ਗਿਣਤੀ ਮਿਤੀ 15.04.2021 ਨੂੰ ਸਵੇਰੇ 11.00 ਵਜੇ ਤੱਕ ਭੇਜੀ** ਜਾਵੇ।

**ਨੋਟ:- ਕੁਇਜ਼ ਦਾ ਲਿੰਕ ਮੁੱਖ ਚੋਣ ਅਫ਼ਸਰ, ਪੰਜਾਬ ਜੀ ਦੇ ਫੇਸਬੁੱਕ ਪੇਜ਼ ਅਤੇ ਟਵਿੱਟਰ ਤੇ ਮਿਤੀ 14.04.2021 ਨੂੰ ਸ਼ਾਮ 03.50 ਵਜੇ ਸ਼ੇਅਰ ਕੀਤਾ ਜਾਣਾ ਹੈ।**

ਵਾ: ਜ਼ਿਲ੍ਹਾ ਚੋਣ ਅਫ਼ਸਰ,
ਹੁਸ਼ਿਆਰਪੁਰ।

ਕਾਪੀ:- ਪੀ.ਏ ਟੂ ਡੀ.ਸੀ
ਸਟੈਨੋ ਟੂ ਏ.ਡੀ.ਸੀ